ਜਿੰਮੇਵਾਰ ਬਣੋ ਵੋਟਰ ਬਣੋ

# ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

## OFFICE OF THE
## DISTRICT ELECTION OFFICER-CUM-DEPUTY COMMISSIONER, AMRITSAR

(Old Blood Bank Near Ram Bagh Railway Phatak, Amritsar)

Phone No. 0183-2227118 Email - electeh.amritsar@gmail.com

---

ਪੱਤਰ ਨੰਬਰ ਚੋਣ-2015/ 1575 ਮਿਤੀ : ਅੰਮ੍ਰਿਤਸਰ: 29 ਸਤੰਬਰ, 2015

1250
30/9/15

ਸੇਵਾ ਵਿਖੇ,

1. ਜਿਲ੍ਹਾ ਸਿੱਖਿਆ ਅਫ਼ਸਰ, (ਸੈਕੰਡਰੀ), ਅੰਮ੍ਰਿਤਸਰ।
2. ਜਿਲ੍ਹਾ ਸਿੱਖਿਆ ਅਫ਼ਸਰ, (ਐਲੀਮੈਂਟਰੀ), ਅੰਮ੍ਰਿਸਤਰ।

ਵਿਸ਼ਾ:- ਵੋਟਰ ਸੂਚੀ ਸਪੈਸ਼ਲ ਸਰਸਰੀ ਸੁਧਾਈ 2016-ਸਪੈਸ਼ਲ ਕੰਮਪੇਨ 04.10.2015 (ਐਤਵਾਰ) ਨੂੰ ਸਮੂਹ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਜਿਥੇ ਪੋਲਿੰਗ ਸਟੇਸ਼ਨ ਸਥਾਪਿਤ ਹਨ ਖੁੱਲੇ ਰੱਖਣ ਸਬੰਧੀ।

ਉਪਰੋਕਤ ਵਿਸ਼ੇ ਪੁਰ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਵੋਟਰ ਸੂਚੀ ਦੀ ਸਪੈਸ਼ਲ ਸਰਸਰੀ ਸੁਧਾਈ ਯੋਗਤਾ ਮਿਤੀ 01.01.2016 ਦਾ ਪ੍ਰੋਗਰਾਮ ਜਾਰੀ ਕੀਤਾ ਜਾ ਚੁੱਕਾ ਹੈ। ਇਸ ਪ੍ਰੋਗਰਾਮ ਅਨੁਸਾਰ ਮਿਤੀ 04.10.2015 ਦਿਨ ਐਤਵਾਰ ਸਮੂਹ ਪੋਲਿੰਗ ਬੂਥਾਂ ਤੇ ਇੱਕ ਕੈਂਪ ਲਗਾਇਆ ਜਾਂਣਾ ਹੈ। ਇਸ ਕੈਂਪ ਦੌਰਾਨ ਨੂੰ ਸਮੂਹ ਬੀ.ਐਲ.ਓਜ਼ ਵੱਲੋਂ ਪੋਲਿੰਗ ਬੂਥਾਂ ਤੇ ਬੈਠ ਕੇ ਸਵੇਰੇ 09-00 ਤੋਂ ਲੈ ਕੇ ਸ਼ਾਮ 05-00 ਤੱਕ ਆਮ ਜੰਨਤਾ ਪਾਸੋਂ ਦਾਅਵੇ/ਇਤਰਾਜ ਅਤੇ ਦਰੁੱਸਤੀ ਸਬੰਧੀ ਫਾਰਮ ਪ੍ਰਾਪਤ ਕੀਤੇ ਜਾਣੇ ਹਨ। ਇਸ ਲਈ ਮਿਤੀ 04.10.2015 ਦਿਨ ਐਤਵਾਰ ਨੂੰ ਸਮੂਹ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ (ਜਿਥੇ ਪੋਲਿੰਗ ਸਟੇਸ਼ਨ ਸਥਾਪਿਤ ਹਨ) ਸਵੇਰੇ 09-00 ਤੋਂ 05-00 ਵਜੇ ਤੱਕ ਖੁੱਲੇ ਰੱਖੇ ਜਾਣ ਅਤੇ ਕਿਸੇ ਜਿੰਮੇਵਾਰ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਬੀ.ਐਲ.ਓਜ਼. ਨੂੰ ਪੂਰਾ ਸਹਿਯੋਗ ਦੇਵੇ ਅਤੇ ਲੋੜੀਂਦਾ ਫਰਨੀਚਰ ਹੋਰ ਸਮਾਨ ਮੁਹੱਈਆ ਕਰਵਾਏ। ਇਸ ਸਬੰਧੀ ਕੀਤੀ ਗਈ ਕਾਰਵਾਈ ਤੋਂ ਇਸ ਦਫ਼ਤਰ ਨੂੰ ਮਿਤੀ 01.10.2015 ਨੂੰ ਜਾਣੂ ਕਰਵਾਇਆ ਜਾਵੇ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।

ਪਿੱਠ ਅੰਕਣ ਨੰਬਰ ਚੋਣ-2015/ ਮਿਤੀ : ਅੰਮ੍ਰਿਤਸਰ ਸਤੰਬਰ, 2015

ਇਸ ਦਾ ਇੱਕ ਉਤਾਰਾ:-

1. ਪੀ.ਏ.ਟੂ ਡੀ.ਸੀ. ਮਾਨਯੋਗ ਡੀ.ਸੀ. ਸਾਹਿਬ ਜੀ ਦੀ ਜਾਣਕਾਰੀ ਹਿੱਤ
2. ਪੀ.ਏ.ਟੂ ਏ. ਡੀ.ਸੀ. (ਜ) ਮਾਨਯੋਗ ਏ.ਡੀ.ਸੀ. (ਜ), ਅੰਮ੍ਰਿਤਸਰ ਜੀ ਦੀ ਜਾਣਕਾਰੀ ਹਿੱਤ
3. ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 04.10.2015 (ਐਤਵਾਰ) ਨੂੰ ਸਮੂਹ ਬੀ.ਐਲ.ਓਜ਼. ਦੀ ਪੋਲਿੰਗ ਬੂਥਾਂ ਤੇ ਸਵੇਰੇ 09-00 ਤੋਂ ਸ਼ਾਮ 05-00 ਤੱਕ ਹਾਜਰੀ ਯਕੀਨੀ ਬਣਾਈ ਜਾਵੇ। ਇਸ ਸਬੰਧੀ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਜਾਣ ਤਾਂ ਜੋ ਆਮ ਜਨਤਾ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।
4. ਚੋਣ ਹਲਕਿਆਂ ਵਿੱਚ ਨਿਯੁਕਤ ਸਮੂਹ ਚੋਣ ਕਾਨੂੰਗੋ/ਪਰੂਫ ਰੀਡਰਾਂ ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।